# Guest Lecture

A guest lecture was oraganised by P. G. Department of English of Sri Guru Teg Bahadur Khalsa College, Sri Anandpur Sahib in collaboration with Institute of Innovative Council on the occasion of International Women's Day on March 13, 2024. Dr. Vandana Lunyal, Director, Regional Institute of English, Chandigarh and Mrs. Adarsh Sharma, Principal, Blue Bird School and College, Rupnagar spoke on the topic of *Empowerment and Employability and English Language Skills.* Dr. Vandna Lunyal delivered a talk on the role and importance of verbal and non- verbal communication. She effectively and impressively addressed the students and emphasized the importance of good communication skills in one's career. Principal, Adarsh Sharma threw light on the working of Divang school and she also spoke about self-employment activities such as making of painting and portraits, jute bags and other handicrafts by the students of her school. On this occasion, Principal, Dr. Jasvir Singh welcomed the guest speakers and addressing the students he said that communication skills is very important to become successful in life. Dr. Gurpreet Kaur, Head of the department informed the students about the progrmme and shared the information of MOU signed by the department.Prof. Parvinder Kaur conducted the stage. It was an interactive and engaging session for the students. The speaker answered all the queries put up by the students to their full satisfaction.

## ਖਾਲਸਾ ਕਾਲਜ ਦੇ ਪੀ.ਜੀ ਅੰਗਰੇਜ਼ੀ ਵਿਭਾਗ ਵੱਲੋ ਕੌਮਾਂਤਰੀ ਮਹਿਲਾ ਦਿਵਸ ਨੂੰ ਸਮਰਪਿਤ ਗੈਸਟ ਲੈਕਚਰ ਕਰਵਾਇਆ

ਰੋਜ਼ਾਨਾ ਸੁਪਰੀਮ ਟਾਈਮਜ਼

**ਡਾ. ਵੰਦਨਾ ਲੁਨਿਆਲ ਅਤੇ ਪ੍ਰਿ. ਆਦਰਸ਼ ਸ਼ਰਮਾ ਨੇ ਕੀਤੀ ਮੁੱਖ ਵਕਤਾ ਵੱਜੋਂ ਸ਼ਿਰਕਤ**

ਸ੍ਰੀ ਅਨੰਦਪੁਰ ਸਾਹਿਬ, 13 ਮਾਰਚ (ਦਵਿੰਦਰਪਾਲ ਸਿੰਘ)



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦੇ ਇਸਟੀਚਿਊਟ ਆਫ ਇਨੋਵੇਸ਼ਨ ਕੌਂਸਲ ਵੱਲੋਂ ਪੀ.ਜੀ. ਅੰਗਰੇਜ਼ੀ ਵਿਭਾਗ ਦੇ ਸਹਿਯੋਗ ਨਾਲ ਕੌਮਾਂਤਰੀ ਮਹਿਲਾ ਦਿਵਸ ਨੂੰ ਸਮਰਪਿਤ ਗੈਸਟ ਲੈਕਚਰ ਕਰਵਾਇਆ ਗਿਆ। ਜਿਸ ਵਿੱਚ ਡਾ. ਵੰਦਨਾ ਲੁਨਿਆਲ ਡਾਇਰੈਕਟਰ ਰੀਜਨਲ ਇੰਸਟੀਚਿਊਟ ਆਫ ਇੰਗਲਿਸ਼, ਚੰਡੀਗੜ੍ਹ ਅਤੇ ਆਦਰਸ਼ ਸ਼ਰਮਾ ਪ੍ਰਿੰਸੀਪਲ ਬਲੂ ਬਰਡ ਸਕੂਲ ਅਤੇ ਕਾਲਜ, ਰੋਪੜ ਨੇ ਮੁੱਖ ਵਕਤਾ ਵੱਜੋਂ ਸ਼ਿਰਕਤ ਕੀਤੀ। ਇਸ ਗੈਸਟ ਲੈਕਚਰ ਵਿੱਚ 200 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ।ਡਾ. ਵੰਦਨਾ ਨੇ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਵਿਦਿਆਰਥੀਆਂ ਨੂੰ ਕਮਿਊਨੀਕੇਸ਼ਨ ਸਕਿਲਜ਼ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਉਥੇ ਹੀ ਆਦਰਸ਼ ਸ਼ਰਮਾ ਨੇ ਵਿਦਿਆਰਥੀਆਂ ਨੂੰ ਆਪਣੇ ਦਿਵਿਆਂਗ ਸਕੂਲ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਵਿਦਿਆਰਥੀਆਂ ਵੱਲੋਂ ਕੀਤੇ ਜਾਂਦੇ ਸਵੈ-ਰੁਜ਼ਗਾਰ ਦੇ ਕਾਰਜਾਂ ਉੱਤੇ ਵੀ ਚਾਨਣਾ ਪਾਇਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਡਾ. ਵੰਦਨਾ ਦੇ ਵਿਚਾਰਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਕਮਿਊਨੀਕੇਸ਼ਨ ਸਕਿਲਜ਼ ਵਿਦਿਆਰਥੀ ਵਰਗ ਦੇ ਭਵਿੱਖ ਲਈ ਬਹੁਤ ਜਰੂਰੀ ਹੈ। ਜਿੰਨਾ ਚਿਰ ਸਾਡੀ ਬੋਲ ਚਾਲ ਠੀਕ ਢੰਗ ਨਾਲ ਨਹੀਂ ਹੋ ਰਹੀ ਉਨਾ ਚਿਰ ਅਸੀਂ ਸਾਹਮਣੇ ਵਾਲੇ ਨੂੰ ਪ੍ਰਭਾਵਿਤ ਨਹੀਂ ਕਰ ਸਕਦੇ। ਇਸੇ ਕਰਕੇ ਵਿਦਿਆਰਥੀ ਵਰਗ ਨੂੰ ਆਪਣੇ ਭਵਿੱਖ ਨੂੰ ਉਜਲ ਬਣਾਉਣ ਲਈ ਆਪਣੀ ਕਮਿਊਨੀਕੇਸ਼ਨ ਸਕਿਲਜ਼ ਨੂੰ ਵਿੱਚ ਸੁਧਾਰ ਕਰਨਾ ਜਰੂਰੀ ਹੈ। ਇਸ ਪ੍ਰੋਗਰਾਮ ਦਾ ਆਯੋਜਨ ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਗੁਰਪ੍ਰੀਤ ਕੌਰ ਦੁਆਰਾ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਪ੍ਰੋ. ਪਰਵਿੰਦਰ ਕੌਰ ਵੱਲੋਂ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ ਗਈ। ਇਸ ਮੌਕੇ ਅੰਗਰੇਜ਼ੀ ਵਿਭਾਗ ਦੇ ਡਾ. ਬਲਜੀਤ ਸਿੰਘ ਚਾਨਾ, ਪ੍ਰੋ. ਸੋਨਲ, ਪ੍ਰੋ. ਜਸਪ੍ਰੀਤ ਕੌਰ ਅਤੇ ਪ੍ਰੋ. ਸਰਬਜੀਤ ਕੌਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

Scanned with OKEN Scanner